ਵਿਸ਼ਾ – ਪੰਜਾਬੀ ਜਮਾਤ – ਦਸਵੀਂ

# ਵਾਰਿਸ਼ ਸ਼ਾਹ

## 1. ਕਿੱਸੇ ਦਾ ਆਰੰਭ

**ਇੱਕ ਤਖ਼ਤ ਹਜ਼ਾਰਿਓਂ ਗੱਲ ਕੀਚੇ, ਜਿੱਥੇ ਰਾਂਝਿਆਂ ਰੰਗ ਮਚਾਇਆ ਈ ।**

**ਛੈਲ, ਗੱਭਰੂ, ਮਸਤ, ਅਲਬੇਲੜੇ ਨੀ, ਸੁੰਦਰ ਇੱਕ ਥੀਂ ਇੱਕ ਸਵਾਇਆ ਈ ।**

**ਵਾਲੇ, ਕੋਕਲੇ, ਮੁੰਦਰੀ, ਮੰਝ, ਲੂੰਝੀ, ਨਵਾਂ ਠਾਠ ਤੇ ਠਾਠ ਚੜ੍ਹਾਇਆ ਈ ।**

**ਕਿਹੀ ਸਿਫ਼ਤ ਹਜ਼ਾਰੇ ਦੀ ਆਖ ਸੱਕਾਂ, ਗੋਇਆ ਬਹਿਸ਼ਤ ਜ਼ਮੀਨ ਤੇ ਆਇਆ ਈ ।**

**ਪ੍ਰਸੰਗ** – ਇਹ ਕਾਵਿ ਟੋਟਾ ਵਾਰਿਸ਼ ਸ਼ਾਹ ਦੇ ਕਿੱਸੇ **ਹੀਰ** ਵਿੱਚੋਂ ਲਿਆ ਗਿਆ ਹੈ ਅਤੇ ਇਹ ਸਾਹਿਤ-ਮਾਲਾ ਪੁਸਤਕ ਵਿੱਚ **ਕਿੱਸੇ ਦਾ ਆਰੰਭ** ਸਿਰਲੇਖ ਹੇਠ ਦਰਜ ਹੈ । ਇਨ੍ਹਾਂ ਸਤਰਾਂ ਵਿੱਚ ਕਵੀ ਨੇ ਰਾਂਝਿਆਂ ਦੇ ਪਿੰਡ ਤਖ਼ਤ ਹਜ਼ਾਰੇ ਦੀ ਅਤੇ ਉੱਥੇ ਵਸਦੇ ਗਭਰੂਆਂ ਦੀ ਸਿਫ਼ਤ ਗਾਈ ਹੈ ।

**ਵਿਆਖਿਆ** - ਇਸ ਕਵਿਤਾ ਵਿੱਚ ਕਵੀ ਕਹਿੰਦਾ ਹੈ ਕਿ ਮੈਂ ਤਖ਼ਤ ਹਜ਼ਾਰੇ ਦੀ ਇੱਕ ਗੱਲ ਕਰਦਾ ਹਾਂ, ਜਿੱਥੇ ਰਾਂਝਿਆਂ ਨੇ ਬੜੀ ਰੌਣਕ ਲਾਈ ਹੋਈ ਹੈ । ਉੱਥੋਂ ਦੇ ਰਹਿਣ ਵਾਲੇ ਰਾਂਝੇ ਬੜੇ ਬਾਂਕੇ ਅਤੇ ਬੇਪਰਵਾਹ ਗੱਭਰੂ ਹਨ । ਉਹ ਕੰਨਾਂ ਵਿੱਚ ਵਾਲੇ, ਕੋਕਲੇ ਤੇ ਉਂਗਲੀਆਂ ਵਿੱਚ ਮੁੰਦਰੀਆਂ ਅਤੇ ਲੱਕ ਨਾਲ ਧਾਰੀਦਾਰ ਤਹਿਮਤ ਬੰਨ੍ਹਦੇ ਹਨ । ਕਵੀ ਕਹਿੰਦਾ ਹੈ ਕਿ ਮੈਂ ਤਖ਼ਤ

ਹਜ਼ਾਰੇ ਦੀ ਸੁੰਦਰਤਾ ਦਾ ਕੀ ਬਿਆਨ ਕਰ ਸਕਦਾ ਹਾਂ ? ਮੈਨੂੰ ਤਾਂ ਇੰਝ ਲਗਦਾ ਹੈ, ਜਿਵੇਂ ਅਸਮਾਨਾਂ ਤੋਂ ਬਹਿਸ਼ਤ ਧਰਤੀ ਉੱਤੇ ਆ ਗਿਆ ਹੈ ।

ਕੇਂਦਰੀ ਭਾਵ - ਤਖ਼ਤ ਹਜ਼ਾਰਾ ਬਹਿਸ਼ਤ ਵਰਗਾ ਸੁੰਦਰ ਸੀ । ਉਹ ਰਾਂਝਿਆਂ ਦਾ ਪਿੰਡ ਸੀ । ਉੱਥੋਂ ਦੇ ਗੱਭਰੂ ਸੁੰਦਰ ਛੈਲ-ਛਬੀਲੇ ਤੇ ਸ਼ੁਕੀਨ ਸਨ, ਜੋ ਵਾਲੇ, ਕੋਕਲੇ ਤੇ ਮੁੰਦਰੀਆਂ ਪਹਿਨਦੇ ਤੇ ਲੱਕ ਨਾਲ ਸੁੰਦਰ ਤਹਿਮਤਾਂ ਬੰਨ੍ਹਦੇ ਸਨ ।

## 2. ਜ਼ਮੀਨ ਦਾ ਵਟਵਾਰਾ

ਹਜ਼ਰਤ ਕਾਜ਼ੀ ਤੇ ਪੈਂਚ ਸਦਾਇ ਸਾਰੇ, ਭਾਈਆਂ ਜ਼ਿਮੀ ਨੂੰ ਕੱਛ ਪਵਾਇਆ ਈ ।
ਵੱਢੀ ਦੇ ਜ਼ਮੀਨ ਦੇ ਬਣੇ ਮਾਲਿਕ, ਬੰਜਰ ਜ਼ਿਮੀਂ ਰੰਝੇਟੇ ਨੂੰ ਆਈਆ ਈ ।
ਕੱਛਾਂ ਮਾਰ ਸ਼ਰੀਕ ਮਜ਼ਾਕ ਕਰਦੇ, ਭਾਈਆਂ ਰਾਂਝੇ ਦੀ ਬਾਬ ਬਣਾਇਆ ਈ ।
ਗੱਲ ਭਾਬੀਆਂ ਏਹੁ ਬਣਾਇ ਛੱਡੀ, ਮਗਰ ਜੱਟ ਦੇ ਫੱਕੜੀ ਲਾਈਆ ਈ ।

ਪ੍ਰਸੰਗ - ਇਹ ਕਾਵਿ ਟੋਟਾ ਵਾਰਿਸ਼ ਸ਼ਾਹ ਦੇ ਕਿੱਸੇ ਹੀਰ ਵਿੱਚੋਂ ਲਿਆ ਗਿਆ ਹੈ ਅਤੇ ਇਹ ਸਾਹਿਤ-ਮਾਲਾ ਪੁਸਤਕ ਵਿੱਚ ਜ਼ਮੀਨ ਦਾ ਵਟਵਾਰਾ ਸਿਰਲੇਖ ਹੇਠ ਦਰਜ ਹੈ । ਇੰਨ੍ਹਾਂ ਸਤਰਾਂ ਵਿੱਚ ਕਵੀ ਨੇ ਧੀਦੋ ਰਾਂਝੇ ਦੇ ਬਾਪ ਮੌਜੂ ਦੀ ਮੌਤ ਮਗਰੋਂ ਉਸਦੇ ਭਰਾਵਾਂ ਦੁਆਰਾ ਉਸ ਨਾਲ ਜ਼ਮੀਨ ਦੀ ਵੰਡ ਵਿੱਚ ਧੋਖਾ ਕਰਨ ਤੇ ਫਿਰ ਸ਼ਰੀਕਾਂ ਦੁਆਰਾ ਮਿਹਣੇ ਮਾਰ ਕੇ ਰਾਂਝੇ ਨੂੰ ਤੰਗ ਕਰਨ ਦਾ ਜ਼ਿਕਰ ਕੀਤਾ ਹੈ ।

**ਵਿਆਖਿਆ** - ਧੀਦੋ ਰਾਂਝੇ ਦੇ ਬਾਪ ਮੌਜੂ ਦੇ ਮਰਨ ਮਗਰੋਂ ਉਸਦੇ ਭਰਾਵਾਂ ਨੇ ਹਜ਼ਰਤ ਕਾਜ਼ੀ ਤੇ ਪੰਚਾਇਤ ਦੇ ਸਾਰੇ ਮੈਂਬਰਾਂ ਨੂੰ ਸੱਦ ਕੇ ਜ਼ਮੀਨ ਦੀ ਮਿਣਤੀ ਕਰਕੇ ਵੰਡ ਦਿੱਤੀ । ਰਾਂਝੇ ਦੇ ਹਿੱਸੇ ਬੰਜ਼ਰ ਜਿਹੀ ਜ਼ਮੀਨ ਹੀ ਆਈ । ਰਾਂਝੇ ਦੇ ਸਾਰੇ ਸ਼ਰੀਕ ਖ਼ੁਸ਼ ਹੋ ਕੇ ਉਸਨੂੰ ਮਖ਼ੌਲ ਕਰਦੇ ਸਨ ਕਿ ਉਸਦੇ ਭਰਾਵਾਂ ਨੇ ਉਸ ਨਾਲ ਚੰਗੀ ਕੀਤੀ ਹੈ । ਰਾਂਝੇ ਦੀਆਂ ਭਾਬੀਆਂ ਨੇ ਰੋਜ਼ ਕੋਈ ਨਾ ਕੋਈ ਬਦਨਾਮੀ ਦਾ ਤਰੀਕਾ ਫੜ ਲਿਆ ਸੀ ।

**ਕੇਂਦਰੀ ਭਾਵ** -ਪਿਓ ਦੇ ਮਰਨ ਮਗਰੋਂ ਜ਼ਮੀਨ ਦੀ ਵੰਡ ਸਮੇਂ ਰਾਂਝੇ ਦੇ ਭਰਾ ਕਾਜ਼ੀ ਅਤੇ ਪੰਚਾਇਤ ਨੂੰ ਵੱਢੀ ਦੇ ਕੇ ਚੰਗੀ ਜ਼ਮੀਨ ਦੇ ਮਾਲਕ ਬਣ ਗਏ । ਇਸ ਵੰਡ ਤੋਂ ਰਾਂਝੇ ਦੇ ਸ਼ਰੀਕ ਬਹੁਤ ਖ਼ੁਸ਼ ਹੋਏ ਤੇ ਉਸ ਦੀਆਂ ਭਾਬੀਆਂ ਉਸਨੂੰ ਰੋਜ਼ ਕੋਈ ਨਾ ਕੋਈ ਬਦਨਾਮੀ ਦੇਣ ਲੱਗੀਆਂ ।

## 3. ਰਾਂਝੇ ਦਾ ਮਸੀਤ ਵਿੱਚ ਜਾਣਾ

ਵਾਹ ਲਾਇ ਰਹੇ ਭਾਈ ਭਾਬੀਆਂ ਵੀ,ਰਾਂਝਾ ਉੱਠ ਹਜ਼ਾਰਿਓ ਧਾਇਆ ਈ ।

ਭੁੱਖ ਨੰਗ ਨੂੰ ਝਾਗ ਕੇ ਪੰਧ ਕਰਦਾ, ਰਾਤੀਂ ਵਿੱਚ ਮਸੀਤ ਦੇ ਆਇਆ ਈ ।

ਹੱਥ ਵੰਝਲੀ ਪਕੜ ਕੇ ਰਾਤ ਅੱਧੀ, ਰਾਂਝੇ ਮਜ਼ਾ ਭੀ ਖ਼ੂਬ ਬਣਾਇਆ ਈ ।

ਰੰਨ ਮਰਦ ਨਾ ਪਿੰਡ ਵਿੱਚ ਰਹਿਆ ਕੋਈ,ਸੱਭੇ ਗਿਰਦ ਮਸੀਤ ਦੇ ਧਾਇਆ ਈ ।

ਵਾਰਿਸ਼ ਸ਼ਾਹ ਮੀਆਂ ਪਿੰਡ ਝਗੜਿਆਂ ਦੀ,ਪਿੱਛੋਂ ਮੁੱਲਾਂ ਮਸੀਤ ਦਾ ਆਇਆ ਈ ।

**ਪ੍ਰਸੰਗ** - ਇਹ ਕਾਵਿ ਟੋਟਾ ਵਾਰਿਸ਼ ਸ਼ਾਹ ਦੇ ਕਿੱਸੇ ਹੀਰ ਵਿੱਚੋਂ ਲਿਆ ਗਿਆ ਹੈ ਅਤੇ ਇਹ ਸਾਹਿਤ-ਮਾਲਾ ਪੁਸਤਕ ਵਿੱਚ ਰਾਂਝੇ ਦਾ ਮਸੀਤ ਵਿੱਚ ਜਾਣਾ

ਸਿਰਲੇਖ ਹੇਠ ਦਰਜ ਹੈ । ਇਨ੍ਹਾਂ ਸਤਰਾਂ ਵਿੱਚ ਕਵੀ ਦੱਸਦਾ ਹੈ ਕਿ ਕਿਸ ਤਰਾਂ ਰਾਂਝਾ ਭਰਾਵਾਂ ਭਾਬੀਆਂ ਦੇ ਸਲੂਕ ਤੋਂ ਤੰਗ ਆ ਕੇ ਤਖ਼ਤ ਹਜ਼ਾਰੇ ਨੂੰ ਛੱਡ ਕੇ ਇੱਕ ਪਿੰਡ ਦੀ ਮਸੀਤ ਵਿੱਚ ਪੁੱਜਾ, ਜਿੱਥੇ ਉਸਦੀ ਵੰਝਲੀ ਨੂੰ ਸੁਣਨ ਲਈ ਸਾਰਾ ਪਿੰਡ ਆ ਜੁੜਿਆ ।

**ਵਿਆਖਿਆ** - ਰਾਂਝੇ ਦੇ ਭਰਾਵਾਂ ਤੇ ਭਾਬੀਆਂ ਨੇ ਬਹੁਤ ਜੋਰ ਲਾਇਆ ਕਿ ਉਹ ਤਖ਼ਤ ਹਜਾਰਾ ਛੱਡ ਕੇ ਨਾ ਜਾਵੇ, ਪਰ ਰਾਂਝਾ ਬਿਨਾ ਕਿਸੇ ਦੀ ਗੱਲ ਸੁਣੇ ਸਫ਼ਰ ਕਰਦਾ ਹੋਇਆ ਰਾਤੀਂ ਇੱਕ ਪਿੰਡ ਦੀ ਮਸੀਤ ਵਿੱਚ ਪੁੱਜਾ । ਜਦੋਂ ਰਾਂਝੇ ਨੇ ਅੱਧੀ ਰਾਤ ਨੂੰ ਵੰਝਲੀ ਵਜਾਉਣੀ ਸ਼ੁਰੂ ਕੀਤੀ ਤਾਂ ਵੰਝਲੀ ਦੀ ਆਵਾਜ਼ ਸੁਣ ਕੇ ਪਿੰਡ ਦੇ ਸਾਰੇ ਲੋਕ ਘਰ ਛੱਡ ਕੇ ਮਸੀਤ ਦੁਆਲੇ ਇੱਕਠੇ ਹੋ ਗਏ । ਇਸੇ ਸਮੇਂ ਹੀ ਝਗੜਾ ਕਰ-ਕਰ ਕੇ ਨਾ ਥੱਕਣ ਵਾਲਾ ਮਸੀਤ ਦਾ ਮੁੱਲਾ ਵੀ ਉੱਥੇ ਆ ਗਿਆ ।

**ਕੇਂਦਰੀ ਭਾਵ** - ਰਾਂਝਾ ਭਾਬੀਆਂ ਅਤੇ ਭਰਾਵਾਂ ਦੇ ਵਤੀਰੇ ਤੋਂ ਤੰਗ ਆ ਕੇ ਆਪਣਾ ਪਿੰਡ ਤਖ਼ਤ ਹਜ਼ਾਰਾ ਛੱਡ ਕੇ ਹੱਥ ਵਿੱਚ ਵੰਝਲੀ ਫੜੀ ਮਸੀਤ ਵਿੱਚ ਪੁੱਜਾ, ਜਿੱਥੇ ਉਸਦੀ ਵੰਝਲੀ ਦੀ ਮਿੱਠੀ ਅਵਾਜ਼ ਸੁਣ ਕੇ ਸਾਰੇ ਪਿੰਡ ਦੇ ਲੋਕ ਇਕੱਠੇ ਹੋ ਗਏ ਤੇ ਫਿਰ ਝਗੜਾਲੂ ਮੁੱਲਾਂ ਵੀ ਉੱਥੇ ਆ ਗਿਆ ।

## 4. ਰਾਂਝੇ ਉੱਤੇ ਹੀਰ ਦਾ ਮੋਹਿਤ ਹੋਣਾ

ਕੂਕੇ ਮਾਰ ਹੀ ਮਾਰ ਤੇ ਪਕੜ ਛਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ ।

ਰਾਂਝੇ ਉੱਠ ਕੇ ਆਖਿਆ ‘ਵਾਹ ਸੱਜਣ’ ! ਹੀਰ ਹੱਸ ਕੇ ਮਿਹਰਬਾਨ ਹੋਈ ।

ਕੱਛੇ ਵੰਝਲੀ ਕੰਨਾਂ ਦੇ ਵਿੱਚ ਵਾਲੇ, ਜ਼ੁਲਫ਼ ਮੁੱਖੜੇ ਤੇ ਪਰੇਸ਼ਾਨ ਹੋਈ ।

ਸੂਰਤ ਯੂਸਫ਼ ਦੀ ਵੇਖ ਤੈਮੂਸ ਬੇਟੀ, ਸਣੇ ਮਾਲਕੇ ਬਹੁਤ ਹੈਰਾਨ ਹੋਈ ।

ਪ੍ਰਸੰਗ - ਇਹ ਕਾਵਿ ਟੋਟਾ ਵਾਰਿਸ਼ ਸ਼ਾਹ ਦੀ ਹੀਰ ਵਿੱਚੋ ਲਿਆ ਗਿਆ ਹੈ ਅਤੇ ਇਹ ਸਾਹਿਤ-ਮਾਲਾ ਪੁਸਤਕ ਵਿੱਚ ਰਾਂਝੇ ਉੱਤੇ ਹੀਰ ਦਾ ਮੋਹਿਤ ਹੋਣਾ ਸਿਰਲੇਖ ਹੇਠ ਦਰਜ ਹੈ । ਇਸ ਕਿੱਸੇ ਵਿੱਚ ਕਵੀ ਨੇ ਹੀਰ-ਰਾਂਝੇ ਦੀ ਪ੍ਰੀਤ ਕਹਾਣੀ ਨੂੰ ਬਿਆਨ ਕੀਤਾ ਹੈ । ਇਨ੍ਹਾਂ ਸਤਰਾਂ ਵਿੱਚ ਉਸ ਘਟਨਾ ਦਾ ਵਰਣਨ ਹੈ, ਜਦੋਂ ਗੁੱਸੇ ਭਰੀ ਹੀਰ ਸੱਠ ਸਹੇਲੀਆਂ ਲੈ ਕੇ ਬੇੜੀ ਵਿੱਚ ਆਪਣੀ ਸੇਜ ਮੱਲ ਕੇ ਪਏ ਰਾਂਝੇ ਨੂੰ ਮਾਰ-ਮਾਰ ਕੇ ਉਠਾਉਂਦੀ ਹੈ, ਤੇ ਉੱਥੇ ਹੀ ਉਨ੍ਹਾਂ ਦਾ ਆਪਸ ਵਿੱਚ ਪ੍ਰੇਮ ਪੈ ਜਾਂਦਾ ਹੈ ।

ਵਿਆਖਿਆ - ਕਵੀ ਕਹਿੰਦਾ ਹੈ ਕਿ ਹੀਰ ਦੀਆਂ ਸਹੇਲੀਆਂ ਨੇ ਆਪਣੇ ਹੱਥਾਂ ਵਿੱਚ ਛਮਕਾਂ ਫੜੀਆਂ ਹੋਈਆਂ ਸਨ ਅਤੇ ਹੀਰ ਮਾਰੋ-ਮਾਰੋ ਕੂਕ ਰਹੀ ਸੀ। ਰਾਂਝੇ ਨੂੰ ਜਾਗ ਆਈ ਤਾਂ ਉਸਨੇ ਉੱਠ ਕੇ ਜਦੋਂ ਆਪਣੇ ਸਾਹਮਣੇ ਖ਼ੂਬਸੂਰਤ ਮੁਟਿਆਰ ਹੀਰ ਨੂੰ ਖੜੀ ਦੇਖਿਆ ਤਾਂ ਉਹ ਉਸ ਉੱਪਰ ਆਸ਼ਕ ਹੋ ਗਿਆ, ਤੇ ਉਸਦੇ ਮੂੰਹੋਂ ਆਪ ਮੁਹਾਰੇ ਨਿੱਕਲ ਗਿਆ , ‘ਵਾਹ ਸੱਜਣ’ ! ਰਾਂਝੇ ਦੇ ਪਿਆਰ ਭਰੇ ਸ਼ਬਦ ਸੁਣ ਕੇ ਹੀਰ ਹੱਸ ਪਈ ਤੇ ਉਸ ਉੱਪਰ ਮਿਹਰਬਾਨ ਹੋਈ । ਇਸ ਤਰਾਂ ਲਗਦਾ ਸੀ ਜਿਵੇਂ ਤੈਮੂਸ ਦੀ ਬੇਟੀ ਜ਼ੁਲੈਖਾਂ , ਜੋ ਯੂਸਫ ਨੂੰ ਪਿਆਰ ਕਰਦੀ ਸੀ, ਉਸਨੂੰ ਖੂਹ ਵਿਚੋਂ ਕੱਢਣ ਵਾਲੇ ਗ਼ੁਲਾਮਾਂ ਅਤੇ ਉਹਨਾਂ ਦੇ ਮਾਲਕ ਉੱਪਰ ਵੀ ਨਾਲ ਹੀ ਆਸ਼ਕ ਹੋ ਗਈ ਹੋਵੇ । ਰਾਂਝੇ ਨੂੰ ਦੇਖਦਿਆਂ

ਹੀ ਉਸਦੇ ਮਸਤ ਨੈਣ ਹੀਰ ਦੇ ਕਲੇਜੇ ਵਿੱਚ ਧੱਸ ਗਏ ਤੇ ਉਹ ਉਸ ਤੋਂ ਕੁਰਬਾਨ ਹੋ ਗਈ ।

**ਕੇਂਦਰੀ ਭਾਵ** -ਹੀਰ  ਤੇ ਰਾਂਝੇ ਦਾ ਇਕ-ਦੂਜੇ ਨੂੰ ਦੇਖਦਿਆਂ ਹੀ ਪਿਆਰ ਪੈ ਗਿਆ । ਉਹ ਇਕ-ਦੂਜੇ ਦੀ ਸੁੰਦਰਤਾ ਦੇਖ ਕੇ ਇਕ ਦਮ ਇਕ-ਦੂਜੇ ਵਲ ਮੋਹੇ ਗਏ ਤੇ ਉਨ੍ਹਾਂ ਦਾ ਆਪਸ ਵਿੱਚ ਪਿਆਰ ਪੈ ਗਿਆ ।

## 5. ਹੀਰ ਦਾ ਸਿਦਕ

ਹੀਰ ਆਖਦੀ, ਜੋਗੀਆ ਝੂਠ ਬੋਲੇ, ਕੌਣ ਵਿੱਛੜੇ ਯਾਰ ਮਿਲਾਉਂਦਾ ਈ ।

ਏਹਾ ਕੋਈ ਨਾ ਮਿਲਿਆ,ਮੈਂ ਢੂੰਡ ਥੱਕੀ, ਜਿਹੜਾ ਗਿਆ ਨੂੰ ਮੋੜ ਲਿਆਉਂਦਾ ਈ ।

ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ , ਜਿਹੜਾ ਜਿਉ ਦਾ ਰੋਗ  ਗਵਾਉਂਦਾ ਈ ।

ਭਲਾ ਦੱਸ ਖਾਂ ਚਿਰੀਂ ਵਿਛੁੰਈਆਂ ਨੂੰ, ਕਦੋਂ ਰੱਬ ਸੱਚਾ ਘਰੀਂ ਲਿਆਉਂਦਾ ਈ ।

**ਪ੍ਰਸੰਗ** - ਇਹ ਕਾਵਿ ਟੋਟਾ ਵਾਰਿਸ਼ ਸ਼ਾਹ ਦੀ ਹੀਰ ਵਿੱਚੋਂ ਲਿਆ ਗਿਆ ਹੈ ਅਤੇ ਇਹ ਸਾਹਿਤ-ਮਾਲਾ ਪੁਸਤਕ ਵਿੱਚ ਹੀਰ ਦਾ ਸਿਦਕ ਸਿਰਲੇਖ ਹੇਠ ਦਰਜ ਹੈ । ਇਨ੍ਹਾਂ ਸਤਰਾਂ ਵਿੱਚ ਕਵੀ ਨੇ ਰਾਂਝੇ ਤੋਂ ਵਿੱਛੜੀ ਹੀਰ ਦੀ ਮਾਨਸਿਕ ਦਸ਼ਾ ਨੂੰ ਬਿਆਨ ਕੀਤਾ ਹੈ ।

**ਵਿਆਖਿਆ** - ਹੀਰ ਰਾਂਝੇ ਜੋਗੀ ਨੂੰ ਕਹਿੰਦੀ ਹੈ ਕਿ ਉਹ ਝੂਠ ਬੋਲ ਰਿਹਾ ਹੈ ਕਿ ਉਹ ਆਪਣੀ ਕਰਾਮਾਤ ਨਾਲ ਵਿੱਛੜੇ ਯਾਰਾਂ ਨੂੰ ਮਿਲਾ ਸਕਦਾ ਹੈ ।

ਉਸਨੂੰ ਅਜਿਹਾ ਕੋਈ ਨਹੀਂ ਮਿਲਿਆ , ਜਿਹੜਾ ਕਰਾਮਾਤ ਨਾਲ ਵਿੱਛੜੇ ਯਾਰ ਨੂੰ ਮੋੜ ਲਿਆਵੇ । ਜਿਹੜਾ ਉਸਨੂੰ ਉਸਦੇ ਪ੍ਰੇਮੀ ਨਾਲ ਮਿਲਾ ਦੇਵੇ, ਉਹ ਭਾਵੇਂ ਉਸਦੇ ਚੰਮ ਦੀਆਂ ਜੁੱਤੀਆਂ ਬਣਵਾ ਕੇ ਪਾ ਲਵੇ । ਉਹ ਰਾਂਝੇ ਜੋਗੀ ਨੂੰ ਕਹਿੰਦੀ ਹੈ ਕਿ ਉਹ ਉਸਨੂੰ ਦੱਸੇ ਕਿ ਸੱਚਾ ਰੱਬ ਉਸਦੇ ਚਿਰ ਦੇ ਵਿੱਛੜੇ ਯਾਰ ਨੂੰ ਕਦੋਂ ਉਸ ਕੋਲ ਲਿਆਵੇਗਾ ?

**ਕੇਂਦਰੀ ਭਾਵ** - ਹੀਰ ਰਾਂਝੇ ਦੇ ਵਿਛੋੜੇ ਵਿੱਚ ਪੂਰੀ ਤਰ੍ਹਾਂ ਬੇਹਾਲ ਸੀ ਅਤੇ ਉਸਦਾ ਮਿਲਾਪ ਪ੍ਰਾਪਤ ਕਰਨ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਸੀ ।

## 6. ਕਿੱਸੇ ਦੀ ਸਮਾਪਤੀ

ਖ਼ਤਮ ਰੱਬ ਦੇ ਕਰਮ ਦੇ ਨਾਲ ਹੋਈ, ਫ਼ਰਮਾਇਸ਼ ਪਿਆਰੜੇ ਯਾਰ ਦੀ ਸੀ ।
ਐਸਾ ਸ਼ਿਅਰ ਕੀਤਾ ਪੁਰ ਮਗਜ਼ ਮੌਜੀ, ਜੇਹੀ ਮੋਤੀਆਂ ਲੜੀ ਸਵਾਰ ਦੀ ਸੀ ।
ਤੂਲ ਖੋਲ੍ਹ ਕੇ ਜ਼ਿਕਰ ਬਿਆਨ ਕੀਤਾ, ਜਿਹਾ ਰੰਗ ਦੇ ਖ਼ੂਬ ਬਹਾਰ ਦੀ ਸੀ ।
ਤਫ਼ਸੀਲ ਦੇ ਨਾਲ ਬਿਆਨ ਕੀਤਾ, ਜੇਹੀ ਜ਼ੀਨਤ ਨਾਲ ਦੇ ਹਾਰ ਦੀ ਸੀ ।

**ਪ੍ਰਸੰਗ** - ਇਹ ਕਾਵਿ ਟੋਟਾ ਵਾਰਿਸ਼ ਸ਼ਾਹ ਦੀ **ਹੀਰ** ਵਿੱਚੋਂ ਲਿਆ ਗਿਆ ਹੈ ਅਤੇ ਇਹ ਸਾਹਿਤ-ਮਾਲਾ ਪੁਸਤਕ ਵਿੱਚ **ਕਿੱਸੇ ਦੀ ਸਮਾਪਤੀ** ਸਿਰਲੇਖ ਹੇਠ ਦਰਜ ਹੈ । ਇਹ ਸਤਰਾਂ ਮੂਲ ਕਿੱਸੇ ਦੇ ਅੰਤ ਵਿੱਚ ਆਉਂਦੀਆਂ ਹਨ ਤੇ ਇਨ੍ਹਾਂ ਵਿੱਚ ਕਵੀ ਕਿੱਸੇ ਦੀ ਸਮਾਪਤੀ ਤੇ ਇਸਦੇ ਸਾਹਿਤਕ ਗੁਣਾਂ ਤੇ ਲੋਕਾਂ ਉੱਪਰ ਪ੍ਰਭਾਵ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੈ ।

**ਵਿਆਖਿਆ** - ਕਵੀ ਕਹਿੰਦਾ ਹੈ ਕਿ ਉਸਦੇ ਪਿਆਰੇ ਮਿੱਤਰ ਨੇ ਫ਼ਰਮਾਇਸ਼ ਕਰਕੇ ਉਸਨੂੰ ਹੀਰ ਦੀ ਪ੍ਰੀਤ-ਕਹਾਣੀ ਨੂੰ ਕਵਿਤਾ ਵਿੱਚ ਲਿਖਣ ਲਈ ਕਿਹਾ ਸੀ ਤੇ ਇਸ ਕਹਾਣੀ ਨੂੰ ਕਵਿਤਾ ਵਿੱਚ ਬਿਆਨ ਕਰਨ ਦਾ ਕੰਮ ਰੱਬ ਦੀ ਮਿਹਰ ਨਾਲ ਪੂਰਾ ਹੋ ਗਿਆ । ਇਹ ਕਿੱਸਾ ਇਕ ਸੁਆਰ ਕੇ ਪਰੋਈ ਮੋਤੀਆਂ ਦੀ ਲੜੀ ਜਾਪਦੀ ਹੈ । ਮੈਂ ਇਸ ਕਿੱਸੇ ਦੇ ਬਿਆਨ ਨੂੰ ਖੋਲ੍ਹ ਕੇ ਪੇਸ਼ ਕਰਦਿਆਂ ਉਹ ਰੰਗ ਭਰਿਆ ਹੈ, ਜੋ ਸੋਹਣੀ ਬਹਾਰ ਦਾ ਹੁੰਦਾ ਹੈ । ਮੈਂ ਇਸ ਕਿੱਸੇ ਵਿੱਚ ਇਸ ਤਰਾਂ ਸਜਾਵਟ ਭਰੀ ਹੈ, ਜਿਹੜੀ ਸਜਾਵਟ ਹਾਰ ਵਿੱਚ ਪਰੋਏ ਜਾਣ ਵਾਲੇ ਲਾਲ ਨੂੰ ਜਰੂਰਤ ਹੁੰਦੀ ਹੈ ।

**ਕੇਂਦਰੀ ਭਾਵ** - ਵਾਰਿਸ਼ ਸ਼ਾਹ ਨੇ ਹੀਰ ਦਾ ਕਿੱਸਾ ਆਪਣੇ ਯਾਰਾਂ ਦੀ ਫ਼ਰਮਾਇਸ਼ ਉੱਤੇ ਪੂਰਾ ਦਿਮਾਗ਼ ਲਾ ਕੇ, ਪੂਰੀ ਤਰ੍ਹਾਂ ਖੋਲ੍ਹ ਕੇ ਤੇ ਸ਼ਿੰਗਾਰ ਕੇ ਲਿਖਿਆ ਹੈ, ਜਿਸਨੂੰ ਸੁਣਨ ਵਾਲਾ ਹਰ ਕੋਈ ਉਸਦੀ ਖ਼ੂਬ ਪ੍ਰਸ਼ੰਸ਼ਾ ਕਰਦਾ ਹੈ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਈਲ - 75087-27529

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰ. ਰਣ ਸਿੰਘ ।

★ ਵਤਨ ਸਿੰਘ ਸੰਧੂ(ਪੰਜਾਬੀ ਮਾਸਟਰ)ਸਰ.ਹਾਈ ਸਕੂਲ ਅਮਰਕੋਟ 9855539200